*Waheguru Ji Ka Khalsa,*
*Waheguru Ji Ki Fateh*

*Today's Hukamnama* *Thursday 24-09-2026*

ਸੋਰਠਿ ਮਹਲਾ ੫ ॥

Sorat'h, Fifth Mehl:

ਹਰਿ ਮਨਿ ਤਨਿ ਵਸਿਆ ਸੋਈ ॥

The Lord abides in my mind and body.

ਉਹ ਸੁਆਮੀ ਮੇਰੇ ਚਿੱਤ ਤੇ ਸਰੀਰ ਵਿੱਚ ਵਸਦਾ ਹੈ,

ਜੈ ਜੈ ਕਾਰੁ ਕਰੇ ਸਭੁ ਕੋਈ ॥

Everyone congratulates me on my victory.

ਇਸ ਲਈ ਹਰ ਕੋਈ ਮੇਰੀ ਸ਼ਲਾਘਾ ਕਰਦਾ ਹੈ।

ਗੁਰ ਪੂਰੇ ਕੀ ਵਡਿਆਈ ॥

This is the glorious greatness of the Perfect Guru.

ਪੂਰਨ ਗੁਰਾਂ ਦੀ ਪ੍ਰਭਤਾ ਇਸ ਤਰ੍ਹਾਂ ਦੀ ਹੋ ਕੇ,

ਤਾ ਕੀ ਕੀਮਤਿ ਕਹੀ ਨ ਜਾਈ ॥੧॥

His value cannot be described. ||1||

ਉਸ ਦਾ ਮੁੱਲ ਆਖਿਆ ਨਹੀਂ ਜਾ ਸਕਦਾ।

ਹਉ ਕੁਰਬਾਨੁ ਜਾਈ ਤੇਰੇ ਨਾਵੈ ॥

I am a sacrifice to Your Name.

ਮੈਂ ਤੇਰੇ ਨਾਮ ਉਤੋਂ ਬਲਿਹਾਰ ਜਾਂਦਾ ਹਾਂ, ਹੇ ਸਾਹਿਬ!

ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ ॥੧॥ ਰਹਾਉ ॥

He alone, whom You have forgiven, O my Beloved, sings Your Praises. ||1||Pause||

ਜਿਸ ਨੂੰ ਤੂੰ ਮਾਫ ਕਰ ਦਿੰਦਾ ਹੈ, ਹੇ ਮੈਂਡੇ ਪ੍ਰੀਤਮ! ਉਹ ਤੇਰੀ ਮਹਿਮਾ ਗਾਇਨ ਕਰਦਾ ਹੈ। ਠਹਿਰਾਉ।

ਤੂੰ ਭਾਰੋ ਸੁਆਮੀ ਮੇਰਾ ॥ ਸੰਤਾਂ ਭਰਵਾਸਾ ਤੇਰਾ ॥

You are my Great Lord and Master. You are the support of the Saints.

ਤੂੰ ਮੈਂਡਾ ਵੱਡਾ ਸਾਹਿਬ ਹੈ। ਸਾਧੂਆਂ ਨੂੰ ਤੇਰਾ ਆਸਰਾ ਹੈ।

ਨਾਨਕ ਪ੍ਰਭ ਸਰਣਾਈ ॥ ਮੁਖਿ ਨਿੰਦਕ ਕੈ ਛਾਈ ॥੨॥੨੨॥੮੬॥

Nanak has entered God's Sanctuary. The faces of the slanderers are blackened with ashes. ||2||22||86||

ਨਾਨਕ ਨੇ ਸੁਆਮੀ ਦੀ ਸ਼ਰਣਾਗਤਿ ਲਈ ਹੈ।ਬਦਖੋਈ ਕਰਨ ਵਾਲੇ ਦਾ ਮੂੰਹ ਸੁਆਹ ਨਾਲ ਮਲਿਆ ਜਾਂਦਾ ਹੈ।

ਅੰਗ ੬੨੯